Exam. Code : 112101
Subject Code : 3419

# B.Design (Multimedia) 1st Semester

## PUNJABI COMPULSORY

## Paper–VII (i)

Time Allowed—3 Hours] [Maximum Marks—50

**ਨੋਟ** :- ਕੁੱਲ **ਅੱਠ** ਪ੍ਰਸ਼ਨ ਹਨ। ਪ੍ਰੀਖਿਆਰਥੀ ਕੋਈ **ਪੰਜ** ਪ੍ਰਸ਼ਨ ਕਰਨ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

### ਸੈਕਸ਼ਨ—ਏ

1. 'ਰਾਧਾ ਸੰਦੇਸ਼' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।
2. 'ਰਫ਼ਤਾਰ' ਕਹਾਣੀ ਦਾ ਸਾਰ ਲਿਖੋ।

### ਸੈਕਸ਼ਨ—ਬੀ

3. 'ਗੁਰੂ ਕਾ ਬਾਗ ਅਤੇ ਮੁਲਤਾਨ' ਲੇਖ ਦਾ ਵਿਸ਼ਾ-ਵਸਤੂ ਲਿਖੋ।
4. 'ਸਾਕਾ ਸ੍ਰੀ ਨਨਕਾਣਾ ਸਾਹਿਬ' ਲੇਖ ਵਿਚਲਾ ਨਾਇਕ-ਬਿੰਬ ਉਜਾਗਰ ਕਰੋ।

### ਸੈਕਸ਼ਨ—ਸੀ

5. ਹੇਠ ਲਿਖੇ **ਤਿੰਨ** ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :
   (ੳ) ਭਰੂਣ ਹੱਤਿਆ
   (ਅ) ਨਸ਼ਿਆਂ ਦੀ ਸਮੱਸਿਆ
   (ੲ) ਵਿਦੇਸ਼ ਜਾਣ ਦਾ ਰੁਝਾਨ।



Scanned with CamScanner

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਸੰਚਾਰ ਮਾਧਿਅਮ ਅਤੇ ਤਕਨਾਲੋਜੀ ਨੇ ਸਮਾਜ ਅੰਦਰ ਕ੍ਰਾਂਤੀ ਪੈਦਾ ਕਰ ਦਿੱਤੀ ਹੈ। ਇਸਦੇ ਬਹੁਤ ਲਾਭ ਹਨ। ਵਿਸ਼ਵ ਵਿੱਚ ਵਾਪਰਦੀਆਂ ਘਟਨਾਵਾਂ ਪਲਾਂ ਵਿੱਚ ਹੀ ਤੁਹਾਡੇ ਤਕ ਪਹੁੰਚ ਜਾਂਦੀਆਂ ਹਨ। ਇੰਟਰਨੈੱਟ ਨੇ ਮਨੁੱਖ ਨੂੰ ਸਾਰੇ ਵਿਸ਼ਵ ਨਾਲ ਜੋੜ ਦਿੱਤਾ ਹੈ। ਗਿਆਨ ਪਲਾਂ ਵਿੱਚ ਹੀ ਤੁਹਾਡੇ ਤਕ ਪਹੁੰਚ ਜਾਂਦਾ ਹੈ। ਇਸ ਨਾਲ ਜਾਣਕਾਰੀ ਦਾ ਖੇਤਰ ਬਹੁਤ ਵਿਸ਼ਾਲ ਹੋਇਆ ਹੈ। ਇਸਦੇ ਸਮਾਨਾਂਤਰ ਇਸਦੀਆਂ ਬਹੁਤ ਸਾਰੀਆਂ ਹਾਨੀਆਂ ਵੀ ਹਨ, ਨਵੀਂ ਪੀੜ੍ਹੀ ਸੰਚਾਰ ਮਾਧਿਅਮ ਦੀ ਗਲਤ ਵਰਤੋਂ ਵੀ ਕਰਦੀ ਹੈ। ਸਭ ਨਾਲੋਂ ਵੱਧ ਸਮਾਂ ਇਸੇ ਉੱਪਰ ਵਿਨਾਸ਼ ਕਰ ਦਿੰਦੀ ਹੈ। ਇਸ ਨਾਲ ਲੱਗਣ ਵਾਲੀਆਂ ਬਿਮਾਰੀਆਂ ਬਹੁਤ ਗੰਭੀਰ ਹਨ। ਤੀਜੇ ਵਿਸ਼ਵ ਦੇ ਲੋਕ ਜੋ ਰੋਜ਼ੀ-ਰੋਟੀ ਲਈ ਤਰਸ ਰਹੇ ਹਨ, ਉਨ੍ਹਾਂ ਲਈ ਇਹ ਸੰਚਾਰ ਮਾਧਿਅਮ ਬੇਅਰਥ ਹਨ। ਸਰਕਾਰਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿ ਹੋ ਰਹੇ ਵਿਕਾਸ ਵਿੱਚ ਸੰਤੁਲਨ ਜ਼ਰੂਰ ਹੋਵੇ। ਨਹੀਂ ਤਾਂ ਅਮੀਰ-ਗਰੀਬ ਦਾ ਵੱਡਾ ਅੰਤਰ ਖੜ੍ਹਾ ਹੋ ਜਾਵੇਗਾ।

**ਪ੍ਰਸ਼ਨ :**

(ੳ) ਸੰਚਾਰ ਮਾਧਿਅਮ ਦੇ ਕੀ ਲਾਭ ਹਨ ?

(ਅ) ਸਰਕਾਰਾਂ ਨੂੰ ਕਿਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ?

(ੲ) ਸੰਚਾਰ ਮਾਧਿਅਮ ਦੀਆਂ ਹਾਨੀਆਂ ਕੀ ਹਨ ?

(ਸ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ।

(ਹ) ਲਕੀਰੇ ਸ਼ਬਦਾਂ ਦੇ ਅਰਥ ਲਿਖੋ।

## ਸੈਕਸ਼ਨ—ਡੀ

7. ਭਾਸ਼ਾ ਅਤੇ ਉਪਭਾਸ਼ਾ ਵਿੱਚ ਅੰਤਰ ਸਪੱਸ਼ਟ ਕਰੋ।

8. ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਪਛਾਣ-ਚਿੰਨ੍ਹ ਸਪੱਸ਼ਟ ਕਰੋ।



Scanned with CamScanner